## ਜਨਤਕ ਨਿਯੁਕਤੀਆਂ

ਵਿਗਿਆਪਨ ਨੰ: 888608RD(1)/2025204986 ਮਿਤੀ: 18/07/2025

ਡਾਇਰੈਕਟਰ ਆੱਫ ਸਕੂਲ ਐਜੂਕੇਸ਼ਨ (ਐ:ਸਿੱ), ਪੰਜਾਬ ਦੇ ਮੀਮੋ ਨੰ: ਅਮਲਾ-1/2025869727/1 ਮਿਤੀ 25.04.2025 ਰਾਹੀਂ ਸਕੂਲ ਸਿੱਖਿਆ ਵਿਭਾਗ ਅਧੀਨ 2000 ਪੀ.ਟੀ.ਆਈ. (ਪ੍ਰਾਇਮਰੀ ਕਾਡਰ) ਦੀਆਂ ਅਸਾਮੀਆਂ ਨੂੰ ਭਰਨ ਲਈ ਯੋਗ ਉਮੀਦਵਾਰਾਂ ਪਾਸੋਂ, ਵਿਭਾਗ ਦੀ ਵੈਬਸਾਈਟ **www.educationrecruitmentboard.com** ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ: 23.07.2025 ਤੋ 22.08.2025 ਤੱਕ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦੀ ਕੈਟਾਗਰੀ ਵਾਇਜ਼ ਵੰਡ ਹੇਠ ਲਿਖੇ ਅਨੁਸਾਰ ਹੈ:-

1. ਅਸਾਮੀਆਂ ਦੀ ਵੰਡ:-

| Sr. No | Category | | Total Number of Vacancies | Vacancies reserved for Woman |
|---|---|---|---|---|
| 1 | General | | 780 | 220 |
| 2 | SC | (M & B) | 200 | 80 |
| | | (R&O) | 200 | 80 |
| 3 | BC | | 200 | 80 |
| 4 | Ex-serviceman | General | 140 | 80 |
| | | SC (M&B) | 40 | - |
| | | SC (R&O) | 40 | - |
| | | BC | 40 | - |
| 5 | Sports | General | 40 | 20 |
| | | SC (M&B) | 10 | - |
| | | SC (R&O) | 10 | - |
| 6 | Physically Handicapped | Visually Imp aired | 20 | 5 |
| | | Hearing Impaired | 20 | 5 |
| | | Ortho | 20 | 5 |
| | | I.D/M.D | 20 | 5 |
| 7 | Freedom Fighter | | 20 | 10 |
| 8 | Economically Weaker Section | | 200 | 60 |
| | Total | | 2000 | 650 |

Service Rules, 2023, ਅਤੇ Punjab State Elementary Education (Physical Training Instructor) Service (First Amendment) Rules, 2025 ਅਨੁਸਾਰ ਹੋਣਗੀਆਂ ਜੋ ਕਿ ਹੇਠ ਲਿਖੇ ਅਨੁਸਾਰ ਹੈ:-

In the Punjab State Elementary Education (Physical Training Instructor) Service Rules, 2023, (hereinafter to be referred as the said rules), in rule 6, for sub rule (3), the following sub rule shall be substituted namely:-

"(3) No person shall be appointed to the service by way of direct appointment unless he qualifies the written test followed by the physical eligibility test to be conducted by the recruiting agency or Education recruitment Directorate, as specified by the Government, from time to time. Syllabus appropriate for the posts and other recruitment or test related decision not specified in these rules, shall be made by the recruiting agency or Education Recruitment Directorate, as the case may be. The Physical Eligibility Test shall be qualifying and to be conducted as per criteria prescribed in Appendix 'B'. The applicability of Physical Eligibility Test and conditions for the persons with disability shall be as per the instructions of the Department of Social Security, Women and Child Development, Government of Punjab. The final selection shall be based on the combined merit in the written test and the sports achievement score as per weightage specified in Appendix B."

3. In the said rules, in Appendix 'B' under column 5, against Serial No. 1, for the given entries, the following entries shall be substituted, namely:-

"(1) The candidates who have done 10+2 qualification with atleast two years diploma or certificate in Physical Education as Diploma in Physical Education or certificate in Physical Education (D.P.Ed/C.P.Ed) or have done this course with any other nomenclature.

(ii) Criteria for Physical Eligibility Test: It is a qualifying test, which shall comprise the five components as specified in the table below. A candidate must successfully complete three, out of the five components to qualify:-

| **Male** | **Female** |
|---|---|
| (a) 30 meter Flying Start (for speed) (5 seconds) | (a) 30 meter Flying Start (for speed) (5.80 seconds) |

| | |
|---|---|
| (17.50 seconds) | (18.50 seconds) |
| (d) Bend and reach (for flexibility) (2 cm) | (d) Bend and reach (for flexibility) (2 cm) |
| (e) 1600 meter running (8 minutes) | (e) 1600 meter running (9 minutes 30 seconds) |

ਨੋਟ :- ਦਿਵਿਆਂਗ ਉਮੀਦਵਾਰਾਂ ਨੂੰ ਫਿਜੀਕਲ ਟੈਸਟ ਤੋਂ ਛੋਟ ਹੋਵੇਗੀ।

**ਇਹ ਵੀ ਦੱਸਿਆਂ ਜਾਂਦਾ ਹੈ ਕਿ D.P.Ed./C.P.Ed. ਦੇ ਉਹ ਉਮੀਦਵਾਰ/ ਵਿਦਿਆਰਥੀ ਜੋ ਆਪਣੇ ਡਿਪਲੋਮਾ/ ਸਰਟੀਫਿਕੇਟ ਕੋਰਸ ਦੇ ਆਖਰੀ ਸਾਲ ਵਿੱਚ ਹਨ, ਉਹ ਵੀ ਇਸ ਪਦ ਲਈ ਅਰਜੀ ਦੇ ਸਕਦੇ ਹਨ, ਪਰ ਸ਼ਰਤ ਇਹ ਹੈ ਕਿ ਉਹ ਅੰਤਿਮ ਭਰਤੀ ਪ੍ਰੀਖਿਆ ਦੀ ਮਿਤੀ ਤੱਕ ਡਿਪਲੋਮਾ ਪਾਸ ਕਰ ਚੁੱਕੇ ਹੋਣ।**

**3. <u>ਚੋਣ ਦਾ ਢੰਗ</u>:-**

**ਇਹਨਾਂ ਅਸਾਮੀਆਂ ਦੀ ਭਰਤੀ ਕਰਨ ਲਈ ਸਟੇਟ ਪੱਧਰ ਤੇ ਇੱਕ ਸੰਬੰਧਤ ਵਿਸ਼ੇ ਵਿੱਚ 70 ਅੰਕਾਂ ਦਾ ਵਿਭਾਗੀ ਲਿਖਤੀ ਟੈਸਟ (Objective Multiple Choice) ਲਿਆ ਜਾਵੇਗਾ। ਜੋ ਉਮੀਦਵਾਰ ਇਹਨਾਂ ਅਸਾਮੀਆਂ ਲਈ ਦਰਸਾਈਆਂ ਵਿੱਦਿਅਕ / ਪ੍ਰੋਫੈਸ਼ਨਲ ਯੋਗਤਾਵਾਂ ਲਈ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਉਹਨਾਂ ਦੀ ਸਾਂਝੀ ਮੈਰਿਟ ਲਿਸਟ ਹੇਠ ਲਿਖੇ ਅਨੁਸਾਰ ਤਿਆਰ ਕੀਤੀ ਜਾਵੇਗੀ:-**

| Component | Weightage | Bifurcation |
|---|---|---|
| A. Written Test | Maximum 70 Marks | .... |
| B. Sports achievements based on gradation (as notified by the Government of Punjab, Department of Sports and Youth Services) | Maxmimum30 Marks | Grade A-30 Marks<br>Grade B-25 Marks<br>Grade C-10 Marks<br>Grade D-5 Marks |
| Total | 100 Marks | |

Note I: The above sports achievement weightage shall have no effect on the recruitment of candidates applying under sports quota. For these candidates, the Punjab Sportsmen Recruitment Rules, 1988, shall remain applicable.

Note II: In case of multiple gradation certificates, a candidate can claim weightage for only one gradation certificate issued as per revised Gradation Policy 2023 of Department of Sports and Youth Affairs, Punjab."

ਪ੍ਰੋਫੈਸਨਲ ਯੋਗਤਾਵਾਂ ਵਿੱਚ ਵੱਧ ਪ੍ਰਤੀਸ਼ਤ ਅੰਕ ਹੋਣਗੇ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ)।

**3.1** ਇਹਨਾਂ ਅਸਾਮੀਆਂ ਦੀ ਭਰਤੀ ਕਰਨ ਲਈ ਉਮੀਦਵਾਰਾਂ ਨੂੰ ਪੰਜਾਬ ਸਰਕਾਰ ਦੀ ਨੋਟੀਫੀਕੇਸ਼ਨ ਨੰ: G.S.R.72/Const./Art.309/Amd.(22)/2022, dated 28th October, 2022 ਅਨੁਸਾਰ ਕੀਤੇ ਗਏ ਉਪਬੰਧਾਂ ਅਨੁਸਾਰ ਦਸਵੀਂ ਪੱਧਰ ਦਾ ਪੰਜਾਬੀ ਭਾਸ਼ਾ ਦਾ ਲਿਖਤੀ ਪੇਪਰ ਘੱਟੋ ਘੱਟ 50% (ਪੰਜਾਹ ਪ੍ਰਤੀਸ਼ਤ) ਅੰਕਾਂ ਨਾਲ ਪਾਸ ਕਰਨਾ ਲਾਜਮੀ ਹੋਵੇਗਾ। ਅਗਰ ਉਮੀਦਵਾਰ ਇਸ ਪੇਪਰ ਵਿੱਚ ਘੱਟੋ-ਘੱਟ 50% (ਪੰਜਾਹ ਪ੍ਰਤੀਸ਼ਤ) ਅੰਕ ਪ੍ਰਾਪਤ ਨਹੀਂ ਕਰੇਗਾ ਤਾਂ ਉਸ ਨੂੰ ਇਸ ਭਰਤੀ ਲਈ ਅਯੋਗ ਮੰਨਿਆ ਜਾਵੇਗਾ ਅਤੇ ਉਸ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

ਨੋਟੀਫ਼ਿਕੇਸਨ ਮਿਤੀ 28-10-2022 ਹੇਠ ਲਿਖੇ ਅਨੁਸਾਰ ਹੈ:-

*17. Knowledge of Punjabi language- No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language, which may be specified by the Government from time to time:*

*" Provided that no person shall be appointed to any post in Group-C service unless he has passed a qualifying test of Punjabi Language equivalent to Matriculation standard with atleast fifty percent marks, to be conducted by respective recruitment agencies in addition to competitive examination. The test of Punjabi language shall be a mandatory qualifying test and failure to secure a minimum of fifty percent marks in Punjabi Language will disqualify the candidate for being considered in the final merit list of candidates to be selected irrespective of their scores or marks in other papers of the respective exams:*

*Provided further that where a person".*

**ਨੋਟ:- ਉਪਰੋਕਤ ਪੇਪਰ ਕੇਵਲ ਕੁਆਲੀਫਾਇੰਗ ਹੋਵੇਗਾ ਅਤੇ ਇਸਦੇ ਅੰਕ ਮੈਰਿਟ ਵਿੱਚ ਜੋੜੇ ਨਹੀਂ ਜਾਣਗੇ।**

**4. ਅਸਾਮੀਆਂ ਦਾ ਪੇ-ਸਕੇਲ:-**

ਚੁਣੇ ਗਏ ਉਮੀਦਵਾਰਾਂ ਨੂੰ Punjab State Elementary Education (Physical Training Instructor) Service Rules 2023 ਅਤੇ Punjab State Elementary Education (Physical Training Instructor) Service (First Amendment) Rules, 2025 ਅਨੁਸਾਰ 29200/- (ਪ੍ਰਤੀ ਮਹੀਨਾ-ਬਿਨਾਂ ਕਿਸੇ ਭੱਤੇ ਤੋਂ) ਤਨਖਾਹ ਤੇ ਰੱਖਿਆ ਜਾਵੇਗਾ ਅਤੇ ਪਰਖ ਕਾਲ ਦਾ ਸਮਾਂ 03 ਸਾਲ ਦਾ ਹੋਵੇਗਾ।

5. ਉਮਰ ਸੀਮਾ:-

i) ਮਿਤੀ 01.01.2025 ਨੂੰ ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।

ii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਉਮੀਦਵਾਰਾਂ ਦੀ ਉੱਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

ਹੱਦ 40 ਸਾਲ ਹੋਵੇਗੀ।

v) ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਮਰ ਹੱਦ ਸੀਮਾ ਦੀ ਉੱਪਰਲੀ ਹੱਦ ਵਿੱਚ 10 ਸਾਲ ਦੀ ਛੋਟ ਹੋਵੇਗੀ।

vi) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉੱਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸ਼ਟਤਾ ਦੇਣੀ ਪਵੇਗੀ।

**6. ਬਿਨੈ-ਪੱਤਰ ਪ੍ਰੋਸੈਸਿੰਗ ਫੀਸ:-**

| | | |
|---|---|---|
| **i.** | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ | : 2000/-ਰੁਪਏ |
| **ii.** | ਰਿਜ਼ਰਵ ਕੈਟਾਗਰੀ (ਐਸ.ਸੀ./ਐਸ.ਟੀ) | : 1000/- ਰੁਪਏ |
| **iii.** | ਸਾਬਕਾ ਸੈਨਿਕ (ਖੁਦ) | : ਕੋਈ ਨਹੀਂ |

ਨੋਟ:-ਸਾਬਕਾ ਸੈਨਿਕਾਂ (ਖੁਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਕੇਵਲ ਇਸ ਸ਼ਰਤ ਤੇ ਦਿੱਤੀ ਜਾਵੇਗੀ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਨੌਕਰੀ ਜਾਂ ਨਿਸਚਿਤ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁਦ ਦੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾਂ ਕੀਤਾ ਗਿਆ ਹੋਵੇ। ਸਾਬਕਾ ਸੈਨਿਕਾਂ ਤੇ ਆਸ਼ਰਿਤਾ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ **Lineal Descendent Certificate(LDC)** ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਾ ਹੋਵੇਗਾ। ਉਸ ਉਪਰੰਤ ਉਮੀਦਵਾਰ ਨੂੰ ਸਰਟੀਫਿਕੇਟ ਸਬਮਿਟ ਕਰਨ ਦਾ ਕੋਈ ਮੌਕਾ **ਨਹੀਂ** ਦਿੱਤਾ ਜਾਵੇਗਾ। **ਗਲਤ ਤੱਥਾਂ ਦੇ ਅਧਾਰ ਤੇ ਫੀਸ ਦੀ ਛੋਟ ਲੈਣ ਵਾਲੇ ਉਮੀਦਵਾਰਾਂ ਨੂੰ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ ਵੱਲੋਂ ਅਗਲੇ ਤਿੰਨ ਸਾਲਾਂ ਲਈ ਬਲੈਕਲਿਸਟ ਕਰ ਦਿੱਤਾ ਜਾਵੇਗਾ।**

**7. ਆਮ ਸ਼ਰਤਾਂ:-**

I. ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸੰਬੰਧਤ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ, ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੀ ਉਹ ਇਸਤਰੀ ਉਮੀਦਵਾਰ, ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ,ਜਿਸ ਵਿੱਚ ਪਿਤਾ ਦਾ ਨਾਮ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਜਿਹੋ ਜਿਹਾ ਵੀ ਕੇਸ ਹੋਵੇ, ਵਿੱਚ ਨਹੀਂ ਵਿਚਾਰੀ ਜਾਵੇਗੀ। ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿੱਚ ਰਾਖਵਾਂਕਰਨ) ਐਕਟ, 2006 ਅਨੁਸਾਰ ਹੋਵੇਗਾ, ਪਰੰਤੂ ਉਨ੍ਹਾਂ ਦੀ ਚੋਣ ਇਸ ਸੰਬੰਧ ਵਿਚ ਮਾਣਯੋਗ ਸੁਪਰੀਮ ਕੋਰਟ ਦੇ

ਨੰ: 1/52/95-ਰਸ1/713 ਮਿਤੀ 17-01-1996 ਅਤੇ ਪ੍ਰੋਸੋਨਲ ਵਿਭਾਗ ਪੰਜਾਬ ਸਰਕਾਰ ਦੇ ਪੱਤਰ ਨੰ. 8/2/2019- 3 ਪੀ.ਪੀ.1/124 ਮਿਤੀ 29.01.2021 ਅਤੇ ਸਮੇ-ਸਮੇ ਤੇ ਜਾਰੀ ਹਦਾਇਤਾਂ ਅਨੁਸਾਰ ਲਾਗੂ ਹੋਵੇਗਾ।

III. ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ, ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿਚ ਨਹੀਂ ਆ ਜਾਂਦਾ। ਪੱਛੜੀ ਸ਼੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਆਪਣੀ ਪ੍ਰਤੀ ਬੇਨਤੀ ਦੇ ਨਾਲ ਸਮਰੱਥ ਅਧਿਕਾਰੀ ਦੁਆਰਾ ਜਾਰੀ ਆਮਦਨ ਸਰਟੀਫਿਕੇਟ ਦੇਣਾ ਪਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

IV. ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾਂ ਤੇ ਹੀ ਲਾਗੂ ਹੋਵੇਗਾ। ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਨਾ ਹੋਵੇ, ਤਾਂ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ। ਅਜਿਹੇ ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਗੇ। ਜੋ ਸੈਨਿਕ ਅਜੇ ਫੌਜ ਦੀ ਸੇਵਾ ਵਿਚ ਹਨ, ਉਹਨਾ ਵਿੱਚੋ ਉਹੀ ਸੈਨਿਕ ਇਸ ਅਸਾਮੀ ਲਈ ਅਪਲਾਈ ਕਰ ਸਕਦੇ ਹਨ ਜੋ ਇਸ ਭਰਤੀ ਲਈ ਅਪਾਲਈ ਕਰਨ ਦੀ ਆਖਰੀ ਮਿਤੀ ਤੋ ਇਕ ਸਾਲ ਦੇ ਅੰਦਰ ਅੰਦਰ ਰਿਟਾਇਰ ਹੋ ਰਹੇ ਹਨ। ਅਜਿਹੇ ਸੈਨਿਕਾ ਵੱਲੋ ਸਮਰੱਥ ਅਥਾਰਟੀ ਵਲੋ ਜਾਰੀ NOC ਅਸਲ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਾ ਲਾਜ਼ਮੀ ਹੋਵੇਗਾ।

V. ਸੁਤੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ, ਸਰਕਾਰ ਦੇ ਪੱਤਰ ਨੰ:16/57-97-8ਪੀ-3ਸਪੈ 503 ਮਿਤੀ 27.11.2000 ਅਨੁਸਾਰ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਅਸਲ ਦਸਤਾਵੇਜਾਂ ਦੀ ਸਕਰੂਟਨੀ ਦੇ ਸਮੇਂ ਪੇਸ਼ ਕਰਨਗੇ।

VI. ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਗ੍ਰੇਡੇਸ਼ਨ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ, ਜਿਸਦੀ ਡਾਇਰੈਕਟਰ ਸਪੋਰਟਸ ਪੰਜਾਬ ਵਲੋਂ ਗ੍ਰੇਡੇਸ਼ਨ ਕੀਤੀ ਹੋਵੇ। ਸਪੋਰਟਸ ਕੈਟਾਗਿਰੀ ਵਿਚ ਸਿਰਫ ਸਪੋਰਟਸ ਮੈਰਿਟ ਨੂੰ ਹੀ ਆਧਾਰ ਮੰਨਿਆ ਜਾਵੇਗਾ ਜੋ ਡਾਇਰੈਕਟਰ ਸਪੋਰਟਸ ਪੰਜਾਬ ਵੱਲੋਂ ਆਪਣੇ ਨਿਯਮਾਂ ਅਨੁਸਾਰ ਤਿਆਰ ਕੀਤੀ ਜਾਵੇਗੀ।

VII. ਦਿਵਿੰਆਂਗ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ,ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ: 1/1/2017-3DC/1588894/1 ਮਿਤੀ 03.10.2019 ਅਨੁਸਾਰ ਹੋਵੇਗਾ। ਉਮੀਦਵਾਰ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰੇਗਾ, ਜਿਸ ਵਿਚ ਉੱਪਰਲੀ ਜਾਂ ਹੇਠਲੀ ਅੰਗਹੀਣਤਾ ਹੱਦ ਦੇ 40% ਸਥਾਈ/ਅੰਸ਼ਿਕ ਦਰਜ ਹੋਵੇ। ਇਸ ਸਰਟੀਫਿਕੇਟ ਵਿੱਚ ਸਿਵਲ ਰੁਜ਼ਗਾਰ/ਨਿਰਧਾਰਿਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜ਼ਰੂਰੀ ਹੈ। ਇਹ ਸਰਟੀਫਿਕੇਟ ਜ਼ਿਲ੍ਹੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵੱਲੋਂ ਅਧਿਕਾਰਿਤ ਮੈਡੀਕਲ ਅਫਸਰ ਵੱਲੋਂ ਜਾਰੀ ਕੀਤਾ ਹੋਵੇ।

IX. ਇਹ ਅਸਾਮੀਆਂ ਪੰਜਾਬ ਸਰਕਾਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਦੇ ਪੱਤਰ ਨੰਬਰ 1/24/2020-RC1/775 ਮਿਤੀ 18.12.2020 ਅਨੁਸਾਰ ਭਰੀਆਂ ਜਾਣਗੀਆਂ।

X. ਪੰਜਾਬ ਰਾਜ ਦੇ ਆਰਥਿਕ ਤੋਰ ਤੇ ਪਿੱਛੜੇ ਵਰਗ (EWS) ਦੇ ਉਮੀਦਵਾਰਾਂ ਦਾ ਰਾਖਵਾਂਕਰਨ ਪੰਜਾਬ ਸਰਕਾਰ ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ ਦੇ ਪੱਤਰ ਨੰ. 1/3/2019- RCI/120 ਮਿਤੀ 28-05-2019, ਪੱਤਰ ਨੰ. 1/16/2019- RCI/116 ਮਿਤੀ 14-05-2019 ਅਤੇ ਪੱਤਰ ਨੰ: 1/103761/2025, ਮਿਤੀ 10.02.2025 ਅਨੁਸਾਰ ਹੋਵੇਗਾ। ਆਰਥਿਕ ਤੋਰ ਤੇ ਪਿੱਛੜੇ ਵਰਗ (EWS) ਦਾ ਸਰਟੀਫਿਕੇਟ ਵਿੱਤੀ ਸਾਲ 2024-25 ਦੀ ਆਮਦਨ ਦੇ ਆਧਾਰ ਤੇ ਸਾਲ 2025-26 ਵਿਚ ਜਾਰੀ ਹੋਇਆ ਹੋਵੇ।

XI. ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਸਨੀਕਾਂ ਨੂੰ ਹੀ ਪ੍ਰਾਪਤ ਹੋਵੇਗਾ।

XII. ਰਾਖਵਾਂਕਰਨ ਸੰਬੰਧੀ ਪੰਜਾਬ ਸਰਕਾਰ ਵੱਲੋ ਵੱਖ-ਵੱਖ ਸਮੇ ਤੇ ਜਾਰੀ ਹਦਾਇਤਾਂ ਇਸ ਭਰਤੀ ਉੱਪਰ ਲਾਗੂ ਹੋਣਗੀਆਂ।

XIII. ਉਮੀਦਵਾਰ ਵੱਲੋਂ ਭਰੀ ਗਈ ਕੈਟਾਗਰੀ ਹੀ ਅੰਤਿਮ ਮੰਨੀ ਜਾਵੇਗੀ ਅਤੇ ਉਸੇ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਜਿਸ ਵਿੱਚ ਉਮੀਦਵਾਰ ਦੀ ਫੀਸ ਭਰੀ ਗਈ/ਕਨਫਰਮ ਹੋਈ ਹੋਵੇ। ਕੈਟਾਗਰੀ ਸੰਬੰਧੀ ਕਿਸੇ ਵੀ ਪੱਧਰ ਤੇ ਕੋਈ ਵੀ ਤਬਦੀਲੀ ਨਹੀਂ ਕੀਤੀ ਜਾਵੇਗੀ।

XIV. ਜਿਹੜੇ ਉਮੀਦਵਾਰ ਵਿਮੁਕਤ ਜਾਤੀ ਨਾਲ ਸਬੰਧਤ ਹੋਣਗੇ ਉਹ ਆਨਲਾਈਨ ਅਪਲਾਈ ਕਰਨ ਸਮੇਂ ਆਪਣੀ ਹੀ ਕੈਟਾਗਰੀ ਵਿੱਚ ਅਪਲਾਈ ਕਰਨਗੇ। ਕਿਸੇ ਕਾਰਨ ਜੇਕਰ ਆਨਲਾਈਨ ਅਰਜ਼ੀ ਸਬਮਿਟ ਕਰਨ ਵੇਲੇ ਵਿਮੁਕਤ ਜਾਤੀ ਦੀ ਆਪਸ਼ਨ ਨਹੀਂ ਆਉਂਦੀ ਤਾਂ ਵਿਮੁਕਤ ਜਾਤੀ ਦੇ ਉਮੀਦਵਾਰ ਆਪਣੀ ਮੇਨ ਕੈਟਾਗਰੀ ਐਸ.ਸੀ (ਆਰ.ਐਂਡ.ਓ) ਵਿੱਚ ਅਪਲਾਈ ਕਰਨਗੇ ਅਤੇ ਅਜਿਹੇ ਉਮੀਦਵਾਰਾਂ ਤੋਂ ਵਿਮੁਕਤ ਜਾਤੀ ਨੂੰ ਮਿਲਣ ਵਾਲੇ ਰਾਖਵੇਂਕਰਨ ਦਾ ਲਾਭ ਸਕਰੂਟਨੀ ਸਮੇਂ ਜਾਣਕਾਰੀ/ਦਸਤਾਵੇਜ਼ ਪ੍ਰਾਪਤ ਕਰਕੇ ਵਿਮੁਕਤ ਜਾਤੀ ਰਾਖਵਾਂਕਰਨ ਸਬੰਧੀ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ ।

XV. ਉਮੀਦਵਾਰ ਘੱਟ ਤੋਂ ਘੱਟ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੋਵੇ।

XVI. ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

XVII. ਉਪਰੋਕਤ ਦਰਸਾਈਆਂ ਪੋਸਟਾਂ/ਵਕੈਨਸੀਜ਼ ਪੰਜਾਬ ਸਰਕਾਰ/ਸਿੱਖਿਆ ਵਿਭਾਗ ਵੱਲੋ ਉਮੀਦਵਾਰਾਂ ਨੂੰ ਸੂਚਿਤ ਕੀਤੇ ਬਿਨਾਂ ਭਰਤੀ ਮੁਕੰਮਲ ਹੋਣ ਤੋਂ ਪਹਿਲਾਂ ਕਿਸੇ ਵੀ ਸਮੇਂ ਘਟਾਈਆਂ ਅਤੇ ਵਧਾਈਆਂ ਜਾ ਸਕਦੀਆਂ ਹਨ ।

XVIII. ਇਸ ਵਿਗਿਆਪਨ ਨੂੰ ਕਿਸੇ ਵੀ ਕਾਰਨ ਰੱਦ ਕਰਨ ਦਾ ਅਧਿਕਾਰ ਪੰਜਾਬ ਸਰਕਾਰ/ਸਿੱਖਿਆ ਵਿਭਾਗ ਪਾਸ ਹੋਵੇਗਾ।

XIX. ਆਨਲਾਈਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜ਼ੁੰਮੇਵਾਰ ਹੋਵੇਗਾ। ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਦੀ ਇਸ ਸੰਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਜਾਵੇਗੀ। ਐਪਲੀਕੇਸ਼ਨ ਫਾਰਮ ਸਹੀ/ਗਲਤ ਭਰਨ ਸਬੰਧੀ ਉਮੀਦਵਾਰ ਖੁੱਦ ਜੁੰਮੇਵਾਰ ਹੋਵੇਗਾ।

XXI. ਉਮੀਦਵਾਰ ਵੱਲੋਂ ਅਸਾਮੀ ਲਈ ਕੇਵਲ ਅਪਲਾਈ ਕਰਨ ਜਾਂ ਉਸ ਨੂੰ ਦਸਤਾਵੇਜਾਂ ਲਈ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਨਿਯੁਕਤੀ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

XXII. ਇਸ ਭਰਤੀ ਸਬੰਧੀ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

XXIII. ਉਮੀਦਵਾਰ ਵੱਲੋਂ ਆਪਣਾ ਮੋਬਾਇਲ ਨੰਬਰ, ਈ-ਮੇਲ ਪਤਾ, ਆਪਣਾ ਬੈਂਕ ਖਾਤਾ ਨੰਬਰ, ਬੈਂਕ ਦਾ IFSC, ਬ੍ਰਾਂਚ ਦਾ ਨਾਮ ਆਦਿ ਆਨ-ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਹ ਭਰਤੀ ਮੁਕੰਮਲ ਹੋਣ ਤੱਕ ਆਪਣੇ ਮੋਬਾਇਲ ਨੰਬਰ ਅਤੇ ਈ-ਮੇਲ ਵਿਚ ਕੋਈ ਤਬਦੀਲੀ ਨਾ ਕਰਨ।

XXIV. ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ, ਜਿਸ ਵਰਗ/ਸ਼੍ਰੇਣੀ ਨਾਲ ਸੰਬੰਧ ਰੱਖਦੇ ਹਨ। ਦਸਤਾਵੇਜਾਂ ਦੀ ਸਕਰੂਟਨੀ ਸਮੇਂ ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ ਪੇਸ਼ ਕਰਨਾ ਲਾਜ਼ਮੀ ਹੋਵੇਗਾ।

XXV. ਸਾਬਕਾ ਸੈਨਿਕ (ਖੁਦ) ਤੋਂ ਇਲਾਵਾ ਕਿਸੇ ਵੀ ਹੋਰ ਉਮੀਦਵਾਰ ਨੂੰ ਫੀਸ ਦੀ ਮੁਆਫ਼ੀ/ਛੋਟ ਨਹੀਂ ਦਿੱਤੀ ਜਾਵੇਗੀ।

XXVI. ਮੁਕਾਬਲੇ ਦੀ ਪ੍ਰੀਖਿਆ ਦੌਰਾਨ ਉਮੀਦਵਾਰ ਵੱਲੋ ਕਿਸੇ ਕਿਸਮ ਦੀ ਗੜਬੜੀ ਕਰਨ ਦੀ ਸੂਰਤ ਵਿੱਚ ਸੰਬੰਧਤ ਉਮੀਦਵਾਰ/ਉਮੀਦਵਾਰਾਂ ਨੂੰ ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਭਵਿੱਖ ਵਿੱਚ ਕੀਤੀਆਂ ਜਾਣ ਵਾਲੀਆਂ ਭਰਤੀਆਂ ਲਈ ਬਲੈਕਲਿਸਟ ਕਰ ਦਿੱਤਾ ਜਾਵੇਗਾ ਅਤੇ ਕੇਸ ਦੇ ਤੱਥਾਂ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾ ਸਕੇਗੀ। ਅਜਿਹੇ ਉਮੀਦਵਾਰ ਦੇ ਵੇਰਵੇ ਪੰਜਾਬ ਰਾਜ ਅੰਦਰ ਬਾਕੀ ਭਰਤੀ ਏਜੰਸੀਆਂ/ਵਿਭਾਗਾਂ ਨੂੰ ਵੀ ਸੂਚਨਾ/ਯੋਗ ਕਾਰਵਾਈ ਹਿੱਤ ਭੇਜ ਦਿੱਤੇ ਜਾਣਗੇ।

XXVII. ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸੰਬੰਧੀ ਆਮ ਸ਼ਰਤਾਂ/ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖੁੱਦ ਅਪਲਾਈ ਕਰੇ ਅਤੇ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸੰਬੰਧੀ Latest Updates ਦੀ ਜਾਣਕਾਰੀ ਲਈ ਵਿਭਾਗ ਦੀ ਵੈਬਾਸਈਟ www,educationrecruitmentboard.com ਤੇ ਸਮੇਂ-ਸਮੇਂ ਚੈੱਕ ਕਰਦੇ ਰਹਿਣ। ਉਮੀਦਵਾਰਾਂ ਨੂੰ ਭਰਤੀ ਨਾਲ ਸੰਬੰਧਤ ਹਰ ਕਿਸਮ ਦੀ ਜਾਣਕਾਰੀ ਵਿਭਾਗ ਦੀ ਵੈਬਸਾਈਟ ਤੇ ਉਪਲੱਬਧ ਕਰਵਾਈ ਜਾਇਆ ਕਰੇਗੀ। ਭਰਤੀ ਨਾਲ ਸੰਬੰਧਤ ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ ਸੰਬੰਧੀ ਪਬਲਿਕ ਨੋਟਿਸ/ਹੋਰ ਜਾਣਕਾਰੀ ਅਖਬਾਰਾਂ ਵਿੱਚ ਪ੍ਰਕਾਸ਼ਿਤ ਨਹੀਂ ਕਰਵਾਇਆ ਜਾਵੇਗਾ।

ਜ਼ਰੂਰੀ ਨੋਟ:-

ਉਮੀਦਵਾਰਾਂ ਦੀ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਦੇ ਸਰਟੀਫਿਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾਂ ਦੇ ਬਣੇ ਹੋਣ/ਜਾਰੀ ਹੋਏ ਹੋਣ (**ਕੇਵਲ ਅਜਿਹੇ ਉਮੀਦਵਾਰ/ ਵਿਦਿਆਰਥੀ ਜੋ D.P.Ed./C.P.Ed. ਦੇ ਆਪਣੇ ਡਿਪਲੋਮਾ/ ਸਰਟੀਫਿਕੇਟ ਕੋਰਸ ਦੇ ਆਖਰੀ ਸਾਲ ਵਿੱਚ ਹਨ, ਉਹ ਵੀ**

ਤੱਕ ਪੂਰੇ ਹੋਣੇ ਚਾਹੀਦੇ ਹਨ)।

ਰਿਜ਼ਰਵੇਸ਼ਨ ਦਾ ਲਾਭ ਲੈਣ ਲਈ ਵੱਖ-ਵੱਖ ਕੈਟਾਗਰੀਆਂ ਦੇ ਸਰਟੀਫਿਕੇਟ ਜਿਵੇਂ ਐਸ.ਸੀ./ਐਸ.ਟੀ., ਬੀ.ਸੀ., ਅੰਗਹੀਣ, EWS ਦੇ ਸਰਟੀਫਿਕੇਟ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਕਰੂਟਨੀ ਸਮੇਂ ਹੀ ਜਮ੍ਹਾਂ/ਚੈੱਕ ਕਰਵਾਉਣ ਉਪਰੰਤ ਮੰਨਣ ਯੋਗ ਹੋਣਗੇ। ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਸਮੇ ਇਕ ਸਵੈ-ਘੋਸ਼ਨਾ ਪੱਤਰ ਦੇਵੇਗਾ ਕਿ ਉਸ ਖਿਲਾਫ ਕੋਈ ਕੋਰਟ ਕੇਸ/ ਪੁਲਿਸ ਕੇਸ ਪੈਡਿੰਗ ਨਹੀਂ ਹੈ। ਸਕਰੂਟਨੀ ਪ੍ਰੋਸੈਸ ਖ਼ਤਮ ਹੋਣ ਤੋਂ ਬਾਅਦ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਸਰਟੀਫਿਕੇਟ/ ਦਸਤਾਵੇਜ਼ ਜਮ੍ਹਾਂ ਕਰਨ ਸਬੰਧੀ ਪ੍ਰਤੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

8. **ਆਨ-ਲਾਈਨ ਅਪਲਾਈ ਕਰਨ ਦੀ ਵਿਧੀ:-**

(1) ਵੈਬਸਾਈਟ www.educationrecruitmentboard.com

(2) ਉਮੀਦਵਾਰ ਇਸ ਭਰਤੀ ਲਈ ਸਿਰਫ ਇਕ ਹੀ ਕੈਟੇਗਰੀ ਵਿੱਚ ਅਪਲਾਈ ਕਰ ਸਕਦਾ ਹੈ।

(3) ਉਮੀਦਵਾਰ ਵੱਲੋਂ ਕੇਵਲ ਇੱਕ ਹੀ ਰਜਿਸਟ੍ਰੇਸ਼ਨ ਕੀਤੀ ਜਾਵੇ, ਜੇਕਰ ਕੋਈ ਉਮੀਦਵਾਰ ਇੱਕ ਤੋਂ ਵੱਧ ਕੈਟਾਗਰੀ ਵਿੱਚ ਅਪਲਾਈ ਕਰਦਾ ਹੈ ਤਾਂ ਉਸ ਸੂਰਤ ਵਿੱਚ ਪਹਿਲੀ ਰਜਿਸਟ੍ਰੇਸ਼ਨ/ਐਪਲੀਕੇਸ਼ਨ ਹੀ ਵੈਧ ਮੰਨੀ ਜਾਵੇਗੀ ਅਤੇ ਅਗਲੀਆਂ ਰਜਿਸਟ੍ਰੇਸ਼ਨ/ ਐਪਲੀਕੇਸ਼ਨ (ਜੇ ਕੋਈ ਹੋਣ) ਆਪਣੇ ਆਪ ਕੈਂਸਲ ਹੋਈਆਂ ਵਿਚਾਰੀਆਂ ਜਾਣਗੀਆਂ।

(4) ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ Registration ਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸ਼ਨ ਕਰਨ ਉਪਰੰਤ ਰਜਿਸਟ੍ਰੇਸ਼ਨ ਵਾਲੀ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ।

(5) ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਵੱਲੋਂ ਆਪਣੇ ਰਜਿਸਟ੍ਰੇਸ਼ਨ ਨੰਬਰ ਅਤੇ ਪਾਸਵਰਡ ਦੀ ਮੱਦਦ ਨਾਲ ਆਪਣੇ ਅਕਾਊਂਟ ਵਿੱਚ Login ਕੀਤਾ ਜਾਵੇਗਾ। ਉਮੀਦਵਾਰ ਵੱਲੋਂ Application Fee ਨਾਮ ਦੇ ਲਿੰਕ ਉੱਤੇ Click ਕਰਕੇ ਫੀਸ ਆਨਲਾਈਨ ਭਰੀ ਜਾ ਸਕਦੀ ਹੈ।

(6) ਫੀਸ ਦੀ Confirmation ਹੋਣ ਉਪਰੰਤ ਆਪਣੇ Application Form ਦਾ Print Out ਜਰੂਰ ਲਿਆ ਜਾਵੇ ਅਤੇ ਇਸਨੂੰ ਸੰਭਾਲ਼ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ਼ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ਼, ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

**(7) ਉਮੀਦਵਾਰ ਆਪਣੀ ਇੱਕ ਪਾਸਪੋਰਟ ਸਾਈਜ ਫੋਟੋ (2.5x3.5 inches, 80% of face should be visible including ears), ਇੱਕ ਪੋਸਟ ਕਾਰਡ ਸਾਈਜ ਫੋਟੋ ( 4x6 inches, 80% of face should be visible including ears) ਜੋ ਕਿ ਸਫੇਦ ਪਿੱਠਭੂਮੀ (background) ਦੀ ਹੋਵੇ ਅਤੇ ਬਿਨ੍ਹਾਂ ਟੋਪੀ ਤੇ ਬਿਨ੍ਹਾਂ goggles ਤੋਂ ਹੋਵੇ, ਅਪਲੋਡ ਕਰੇਗਾ। ਫੋਟੋ ਤਾਜ਼ਾ ਖਿੱਚੀ ਹੋਈ (ਜਿਸਦੇ ਥੱਲੇ ਫੋਟੋ ਖਿੱਚਣ ਦੀ ਮਿਤੀ ਦਰਜ ਹੋਵੇ), ਫੋਟੋ ਸਾਫ਼ ਅਤੇ**

ਜਰੂਰੀ ਤਰੀਕਾਂ:

ਆਨਲਾਈਨ ਫਾਰਮ ਅਤੇ ਫੀਸ ਭਰਨ ਦੀ ਆਖਰੀ **ਮਿਤੀ 22.08.2025** (ਸਾਮ 5.00 ਵਜੇ ਤੱਕ) ਹੋਵੇਗੀ।

18/07/2025.

**ਸਹਾਇਕ ਡਾਇਰੈਕਟਰ,**

**ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ**